# ੳ ਮਾਈ ਮੇਰੀ ਆ ਗਏ ਤੇਰੇ ਦਵਾਰੇ ਤੇਰੇ ਲਾਡਲੇ ਬੱਚੜੇ ਪਿਆਰੇ

ੳ ਮਾਈ ਮੇਰੀ ਆ ਗਏ ਤੇਰੇ ਦਵਾਰੇ

ੳ ਮਾਈ, ਮੇਰੀ ਆ ਗਏ... ਜੈ ਹੋ, ਤੇਰੇ ਦਵਾਰੇ,
ਤੇਰੇ, ਲਾਡਲੇ... ਜੈ ਹੋ, ਬੱਚੜੇ ਪਿਆਰੇ,
ਮੁਖੋਂ, ਲਾਉਣ ਤੇਰੇ... ਜੈ ਹੋ, ਜੈਕਾਰੇ...

ਏਹਨਾਂ ਨੂੰ, ਚਰਨਾਂ ਦੇ ਵਿੱਚ ਲਾਈਂ ।
ਏਹਨਾਂ ਦੇ, ਦਿਲ ਦੀ ਪਿਆਸ ਬੁਝਾਈਂ ।
ੳ ਮਾਈ, ਮੇਰੀ ਆ ਗਏ... ਜੈ ਹੋ ।
ਜੈ ਜੈ ਮਾਂ, ਤੇਰੀ ਜੈ ਜੈ ਮਾਂ ॥

ਆਏ, ਦਰ ਤੇ, ਜੋ ਵੀ ਸਵਾਲੀ,
ਮਈਆ, ਨਾ ਮੋੜ੍ਹੇ, ਤੂੰ ਖ਼ਾਲੀ ।
ਤੇਰੇ, ਦਰ ਦੀ, ਸ਼ਾਨ ਨਿਰਾਲੀ,
ਤੇਰੇ, ਪੈਰਾਂ, ਵਿੱਚ ਖੁਸ਼ਹਾਲੀ ॥
ਤੇਰਾ, ਦਰਬਾਰ ਮਾਂ... ਜੈ ਹੋ ॥ ਸਭ ਤੋਂ ਪਿਆਰਾ,
ਸਭ ਤੋਂ, ਸੋਹਣਾ ਓਏ... ਜੈ ਹੋ ॥ ਸਭ ਤੋਂ ਨਿਆਰਾ,
ਜਿੱਥੋਂ, ਮਿਲਦਾ ਏ... ਜੈ ਹੋ ॥ ਸਭ ਨੂੰ ਸਹਾਰਾ,
ਮੇਰੀ ਮਾਂ, ਸਭ ਦੇ, ਕਸ਼ਟ ਮਿਟਾਏ ।
ਓਹ ਸਭ ਦੀ, ਬੇੜੀ, ਬੰਨ੍ਹੇ ਲਾਏ ।
ੳ ਮਾਈ, ਮੇਰੀ ਆ ਗਏ... ਜੈ ਹੋ ।
ਜੈ ਜੈ ਮਾਂ, ਤੇਰੀ ਜੈ ਜੈ ਮਾਂ ॥

ਐ ਜਗਦੰਬੇ, ਹੇ ਮਹਾਂਮਾਇਆ, ਹੇ ਜਗਦੰਬੇ...
ਹੇ ਜਗਦੰਬੇ, ਹੇ ਮਹਾਂਮਾਇਆ,
ਤੇਰਾ, ਅੰਤ ਕਿਸੇ ਨਾ ॥ ਪਾਇਆ,
ਤੇਰੀ, ਕੋਈ ਨਾ, ਸਮਝੇ ਮਾਇਆ,
ਮਈਆ, ਤੂੰ ਬ੍ਰਹਿਮੰਡ ਰਚਾਇਆ ।

ਮਾਈ ਮੇਰੀ, ਸੂਰਜ ਚੰਨ ਸਿਤਾਰੇ,
ਤੇਰਾ, ਪਾਣੀ ਭਰਦੇ ਸਾਰੇ,
ਤੇਰੀ, ਸ਼ਕਤੀ ਕੋ ਬਲਿਹਾ...ਰੇ,
ਤੂੰ ਹੈ, ਕੁੱਲ ਦੁਨੀਆਂ ਦੀ ਰਾਣੀ,
ਦਾਤੀ, ਕੋਈ ਨਾ ਤੇਰਾ ਸਾਨ੍ਹੀ ।

ਹੋ, ਦੂਰੋਂ ਦੂਰੋਂ, ਸੰਗਤਾਂ ਆਈਆਂ ਦਾਤੀ,
ਪਿਆਰ ਦੀ, ਭੇਟ ਲਿਆਈਆਂ ।
ਚੜ੍ਹ ਕੇ, ਉੱਚੀਆਂ ਲੰਮੀਆਂ, ਚੜ੍ਹਾਈਆਂ ਓਏ,
ਸਭ ਦੇ, ਦਿਲਾਂ ਚ, ਖੁਸ਼ੀਆਂ ਛਾਈਆਂ ।
ਹੋ ਜ਼ਰਾ, ਜਲਦੀ, ਕਦਮ ਵਧਾਓ ਓਏ,
ਮੇਰੀ, ਮਾਈ ਦਾ, ਦ੍ਵਾਰਾ ਆਇਆ ।
ਆਓ, ਆਓ ਭਗਤੋ, ਆਓ ਓਏ,

ਮੇਰੀ, ਮਾਈ ਦਾ, ਦੂਾਰਾ ਆਇਆ ।
ਹੋ ਜ਼ਰਾ, ਜਲਦੀ, ਕਦਮ ਵਧਾਓ ਓਏ,
ਮੇਰੀ, ਮਾਈ ਦਾ, ਦੂਾਰਾ ਆਇਆ ।
ਹੋ ਮੇਰੀ, ਮਾਈ ਦਾ, ਦੂਾਰਾ ਆਇਆ,
ਮੇਰੀ, ਮਾਈ ਦਾ, ਦੂਾਰਾ ਆਇਆ ।
ਹੋ ਭਗਤੋ, ਜੈ ਜੈਕਾਰ, ਬੁਲਾਓ ਓਏ,
ਮੇਰੀ, ਮਾਈ ਦਾ, ਦੂਾਰਾ ਆਇਆ ।
ਹੋ ਜ਼ਰਾ, ਜਲਦੀ, ਕਦਮ ਵਧਾਓ ਓਏ,
ਮੇਰੀ, ਮਾਈ ਦਾ, ਦੂਾਰਾ ਆਇਆ ।
ਆਓ, ਆਓ ਭਗਤੋ, ਆਓ ਓਏ,
ਮੇਰੀ, ਮਾਈ ਦਾ, ਦੂਾਰਾ ਆਇਆ ।
ਮੇਰੀ, ਮਾਈ ਦਾ, ਦੂਾਰਾ ਆਇਆ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : नरेन्द्र चंचल

https://www.bhajanganga.com/bhajan/lyrics/id/33309/title/o-mai-meri-aa-gaye-tere-dvare-tere-laadle-bachde-pyare

अपने Android मोबाइल पर BhajanGanga App डाउनलोड करें और भजनों का आनंद ले |